ਨੇਪਾਲ 'ਚ ਰਾਜਸ਼ਾਹੀ ਸਮਰਥਕਾਂ ਵਲੋਂ ਹਿੰਸਕ ਪ੍ਰਦਰਸ਼ਨ

ਕਾਠਮੰਡੂ ਵਿਚ ਪੁਲਿਸ ਨਾਲ ਝੜਪਾਂ

ਕਾਠਮੰਡੂ, 28 ਮਾਰਚ : ਨੇਪਾਲ 'ਚ ਸ਼ੁੱਕਰਵਾਰ ਨੂੰ ਹਿੰਦੂ ਰਾਸ਼ਟਰ ਦੀ ਬਹਾਲੀ ਨੂੰ ਲੈ ਕੇ ਹਿੰਸਕ ਪ੍ਰਦਰਸ਼ਨ ਹੋਏ। ਪ੍ਰਦਰਸ਼ਨਕਾਰੀਆਂ ਨੇ ਕਾਠਮੰਡੂ ਦੇ ਟਿੰਕੁਨੇ ਵਿਚ ਇਕ ਇਮਾਰਤ ਵਿਚ ਭੰਨਤੋੜ ਕੀਤੀ ਅਤੇ ਇਸ ਨੂੰ ਅੱਗ ਲਗਾ ਦਿਤੀ। ਪ੍ਰਦਰਸ਼ਨਕਾਰੀਆਂ ਨੇ ਪੁਲਿਸ 'ਤੇ ਪਥਰਾਅ ਵੀ ਕੀਤਾ, ਜਿਸ ਦੇ ਜਵਾਬ 'ਚ ਸੁਰੱਖਿਆ ਕਰਮਚਾਰੀਆਂ ਨੂੰ ਅੱਥਰੂ ਗੈਸ ਦੇ ਗੋਲੇ ਛਡਣੇ ਪਏ। ਇਸ ਘਟਨਾ ਵਿਚ ਇਕ ਨੌਜਵਾਨ ਦੇ ਜ਼ਖ਼ਮੀ ਹੋਣ ਦੀ ਵੀ ਖ਼ਬਰ ਹੈ।

ਇਸ ਅੰਦੋਲਨ ਵਿਚ 40 ਤੋਂ ਵੱਧ ਨੇਪਾਲੀ ਸੰਗਠਨਾਂ ਨੇ ਹਿੱਸਾ ਲਿਆ। ਪ੍ਰਦਰਸ਼ਨਕਾਰੀ ਨਾਅਰੇ ਲਗਾ ਰਹੇ ਸਨ ਕਿ ਰਾਜਾ ਆਓ, ਦੇਸ਼ ਬਚਾਉ, ਭ੍ਰਿਸ਼ਟ ਸਰਕਾਰ ਨੂੰ ਖ਼ਤਮ ਕਰੋ ਅਤੇ ਅਸੀਂ ਰਾਜਤੰਤਰ ਵਾਪਸ ਚਾਹੁੰਦੇ ਹਾਂ। ਪ੍ਰਦਰਸ਼ਨਕਾਰੀਆਂ ਨੇ ਸਰਕਾਰ ਨੂੰ ਇਕ ਹਫ਼ਤੇ ਦਾ ਅਲਟੀਮੇਟਮ ਦਿਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ 'ਤੇ ਕਾਰਵਾਈ ਨਾ ਕੀਤੀ ਗਈ ਤਾਂ ਹੋਰ ਹਿੰਸਕ ਪ੍ਰਦਰਸ਼ਨ ਕੀਤੇ ਜਾਣਗੇ।

ਜ਼ਿਕਰਯੋਗ ਹੈ ਕਿ ਨੇਪਾਲ ਦੇ ਸਾਬਕਾ ਰਾਜਾ ਗਿਆਨੇਂਦਰ ਨੇ 19 ਫ਼ਰਵਰੀ ਨੂੰ ਗਣਤੰਤਰ ਦਿਵਸ ਮੌਕੇ ਲੋਕਾਂ ਤੋਂ ਸਮਰਥਨ ਮੰਗਿਆ ਸੀ। ਉਦੋਂ ਤੋਂ ਹੀ ਦੇਸ਼ ਵਿਚ 'ਬਾਦਸ਼ਾਹ ਲਿਆਉ, ਦੇਸ਼ ਬਚਾਉ' ਅੰਦੋਲਨ ਦੀਆਂ ਤਿਆਰੀਆਂ ਚੱਲ ਰਹੀਆਂ ਸਨ।

ਦਸਣਯੋਗ ਹੈ ਕਿ ਨੇਪਾਲ ਦੇ ਸਾਬਕਾ ਰਾਜਾ ਗਿਆਨੇਂਦਰ ਸ਼ਾਹ 'ਤੇ 1 ਜੂਨ 2001 ਨੂੰ ਹੋਏ ਨਰਾਇਣਹਿਤੀ ਕਤਲੇਆਮ 'ਚ ਅਪਣੇ ਪਰਵਾਰਕ ਮੈਂਬਰਾਂ ਦੀ ਹਤਿਆ ਦਾ ਦੋਸ਼ ਹੈ। ਇਸ ਘਟਨਾ 'ਚ ਰਾਜਾ ਵੀਰੇਂਦਰ, ਮਹਾਰਾਣੀ ਐਸ਼ਵਰਿਆ ਸਮੇਤ ਸ਼ਾਹੀ ਪਰਵਾਰ ਦੇ 9 ਲੋਕ ਮਾਰੇ ਗਏ ਸਨ। (ਏਜੰਸੀ)

ਸੋਨੇ-ਚਾਂਦੀ ਦੀਆਂ ਕੀਮਤਾਂ ਨੇ ਤੋੜਿਆ ਰਿਕਾਰਡ

ਨਵੀਂ ਦਿੱਲੀ, 28 ਮਾਰਚ : ਸੋਨੇ ਦੀ ਕੀਮਤ ਘਟਦੀ ਨਹੀਂ ਦਿਖਾਈ ਦੇ ਰਹੀ ਹੈ। ਸ਼ੁੱਕਰਵਾਰ ਸਵੇਰੇ 11:42 ਵਜੇ ਮਲਟੀ ਕਮੋਡਿਟੀ ਐਕਸਚੇਂਜ 'ਤੇ 4 ਅਪ੍ਰੈਲ ਦੇ ਡਿਲੀਵਰੀ ਕੰਟਰੈਕਟ ਲਈ ਸੋਨੇ ਦੇ ਵਾਅਦੇ 88,950 ਪ੍ਰਤੀ 10 ਗ੍ਰਾਮ 'ਤੇ ਵਪਾਰ ਕਰ ਰਹੇ ਸਨ, ਜੋ ਪਿਛਲੇ ਸੈਸ਼ਨ ਨਾਲੋਂ 0.64 ਪ੍ਰਤੀਸ਼ਤ ਵੱਧ ਹੈ। ਸ਼ੁੱਕਰਵਾਰ ਨੂੰ ਸੋਨੇ ਦੀਆਂ ਕੀਮਤਾਂ ਇਕ ਨਵੇਂ ਸਰਵਕਾਲੀ ਉਚ ਪੱਧਰ 'ਤੇ ਪਹੁੰਚ ਗਈਆਂ। ਐਮਸੀਐਕਸ ਦੀ ਅਧਿਕਾਰਤ ਵੈੱਬਸਾਈਟ ਅਨੁਸਾਰ 4 ਅਪ੍ਰੈਲ 2025 ਦੇ ਡਿਲੀਵਰੀ ਇਕਰਾਰਨਾਮੇ ਲਈ ਚਾਂਦੀ ਦੇ ਵਾਅਦੇ ਮੁੱਲ ਵੀ 0.31 ਪ੍ਰਤੀਸ਼ਤ ਵਧ ਕੇ 1,01,626 ਪ੍ਰਤੀ ਕਿਲੋਗ੍ਰਾਮ ਹੋ ਗਏ। ਸੋਨਾ ਅਜੇ ਵੀ ਉਚ ਪੱਧਰ 'ਤੇ ਬਣਿਆ ਹੋਇਆ ਹੈ। ਖ਼ਬਰਾਂ ਅਨੁਸਾਰ ਸੋਨਾ ਵਾਰ-ਵਾਰ ਨਵੇਂ ਸਰਵ-ਸਮੇਂ ਦੇ ਉੱਚੇ ਪੱਧਰ 'ਤੇ ਪਹੁੰਚ ਗਿਆ ਹੈ। ਹੁਣ ਤਕ ਸਾਲਾਨਾ ਆਧਾਰ 'ਤੇ ਲਗਭਗ 16 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। (ਏਜੰਸੀ)

ਆਸਟਰੇਲੀਆ 'ਚ 3 ਮਈ ਨੂੰ ਹੋਣਗੀਆਂ ਚੋਣਾਂ

ਸਿਡਨੀ, 28 ਮਾਰਚ : ਆਸਟਰੇਲੀਆ 'ਚ ਚੋਣਾਂ ਦੀ ਮਿਤੀ ਦਾ ਐਲਾਨ ਹੋ ਗਿਆ ਹੈ, ਜਿਥੇ ਹੁਣ 3 ਮਈ ਨੂੰ ਆਮ ਚੋਣਾਂ ਲਈ ਵੋਟਿੰਗ ਹੋਵੇਗੀ। ਇਨ੍ਹਾਂ ਚੋਣਾਂ 'ਚ ਵਧਦੀ ਜਾ ਰਹੀ ਮਹਿੰਗਾਈ ਅਤੇ ਲੋਕਾਂ ਦੇ ਰਹਿਣ ਲਈ ਘਰਾਂ ਦੀ ਕਮੀ ਮੁੱਖ ਚੋਣ ਮੁੱਦੇ ਹੋ ਸਕਦੇ ਹਨ।

ਦੇਸ਼ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਦੀ ਖੱਬੇ-ਪੱਖੀ 'ਲੇਬਰ ਪਾਰਟੀ' ਲਗਾਤਾਰ ਦੂਜੀ ਵਾਰ ਸਰਕਾਰ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਅਲਬਾਨੀਜ਼ ਨੇ ਸ਼ੁੱਕਰਵਾਰ ਨੂੰ ਚੋਣ ਪ੍ਰਕਿਰਿਆ ਸ਼ੁਰੂ ਕਰਨ ਲਈ ਗਵਰਨਰ ਜਨਰਲ ਸੈਮ ਮੋਸਟਿਨ ਦੇ ਸਰਕਾਰੀ ਨਿਵਾਸ ਸਥਾਨ 'ਤੇ ਜਾ ਕੇ ਕੰਮ ਕੀਤਾ ਅਤੇ ਬਾਅਦ ਵਿਚ ਸੰਸਦ ਭਵਨ ਵਿਖੇ ਇਕ ਨਿਊਜ਼ ਕਾਨਫ਼ਰੰਸ ਦੌਰਾਨ ਚੋਣ ਮਿਤੀ ਦਾ ਐਲਾਨ ਕੀਤਾ। ਉਨ੍ਹਾਂ ਕਿਹਾ, 'ਸਾਡੀ ਸਰਕਾਰ ਨੇ ਵਿਸ਼ਵਵਿਆਪੀ ਚੁਣੌਤੀਆਂ ਨਾਲ ਨਜਿੱਠਣ ਲਈ ਆਸਟਰੇਲੀਆਈ ਤਰੀਕਾ ਚੁਣਿਆ ਹੈ ਤੇ ਭਵਿੱਖ ਲਈ ਨਿਰਮਾਣ ਕਰਦੇ ਹੋਏ ਲੋਕਾਂ ਨੂੰ ਰਹਿਣ-ਸਹਿਣ ਦੇ ਖ਼ਰਚਿਆਂ ਦੇ ਦਬਾਅ ਨਾਲ ਨਜਿੱਠਣ ਵਿਚ ਮਦਦ ਕਰਨਾਨਾ ਹੈ।

ਕਈ ਵਿਸ਼ਲੇਸ਼ਕਾਂ ਨੇ ਭਵਿੱਖਬਾਣੀ ਕੀਤੀ ਹੈ ਕਿ ਵਿਰੋਧੀ ਧਿਰ ਦੇ ਨੇਤਾ ਪੀਟਰ ਡੱਟਨ ਦੀ ਲਿਬਰਲ ਪਾਰਟੀ ਦੀ ਅਗਵਾਈ ਵਾਲਾ ਕੰਜ਼ਰਵੇਟਿਵ ਗਠਜੋੜ ਚੋਣਾਂ ਵਿਚ ਚੰਗਾ ਪ੍ਰਦਰਸ਼ਨ ਕਰੇਗਾ। ਅਲਬਾਨੀਜ਼ ਦੇ ਸੱਤਾ ਵਿਚ ਆਉਣ ਤੋਂ ਬਾਅਦ ਆਸਟਰੇਲੀਆ ਵਿਚ ਮਹਿੰਗਾਈ ਕਾਫ਼ੀ ਵਧ ਗਈ ਹੈ ਤੇ ਲੋਕਾਂ ਦੇ ਰਹਿਣ-ਸਹਿਣ ਦਾ ਖ਼ਰਚਾ ਵੀ ਵਧ ਗਿਆ ਹੈ। ਪਿਛਲੀਆਂ ਚੋਣਾਂ ਤੋਂ ਬਾਅਦ ਵਿਆਜ ਦਰਾਂ 12 ਵਾਰ ਵਧਾਈਆਂ ਗਈਆਂ ਹਨ। ਅਲਬਾਨੀਜ਼ ਨੇ 2023 ਵਿਚ ਪੰਜ ਸਾਲਾਂ ਵਿਚ 1.2 ਮਿਲੀਅਨ ਘਰ ਬਣਾ ਕੇ ਘਰਾਂ ਦੀ ਘਾਟ ਨੂੰ ਪੂਰਾ ਕਰਨ ਦਾ ਵਾਅਦਾ ਕੀਤਾ ਸੀ ਪਰ ਇਸ ਦਿਸ਼ਾ ਵਿਚ ਤਰੱਕੀ ਕਾਫ਼ੀ ਹੌਲੀ ਰਹੀ ਹੈ। (ਏਜੰਸੀ)

ਅਮਰੀਕਾ 'ਚ ਰਾਸ਼ਟਰੀ ਸੁਰੱਖਿਆ ਨਾਲ ਜੁੜੀਆਂ ਏਜੰਸੀਆਂ 'ਚ ਸਮੂਹਕ ਸੌਦੇਬਾਜ਼ੀ 'ਤੇ ਲੱਗੇਗੀ ਰੋਕ



ਵਾਸ਼ਿੰਗਟਨ, 28 ਮਾਰਚ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਾਰਜਕਾਰੀ ਆਦੇਸ਼ ਜਾਰੀ ਕਰ ਕੇ ਕਈ ਮੁੱਦਿਆਂ 'ਤੇ ਧਿਆਨ ਦਿਤਾ ਹੈ। ਇਨ੍ਹਾਂ 'ਚ ਸਮੂਹਿਕ ਸੌਦੇਬਾਜ਼ੀ, ਟਾਸਕ ਫ਼ੋਰਸ ਦੀ ਸਥਾਪਨਾ ਤੇ ਸਮਿਥਸੋਨੀਅਨ ਇੰਸਟੀਚਿਊਟ 'ਚ ਤਬਦੀਲੀ ਆਦਿ ਸ਼ਾਮਲ ਹਨ। ਟਰੰਪ ਨੇ ਰਾਸ਼ਟਰੀ ਸੁਰੱਖਿਆ ਮਾਮਲਿਆਂ ਨੂੰ ਸੰਭਾਲਣ ਵਾਲੀਆਂ ਏਜੰਸੀਆਂ 'ਚ ਸੰਘੀ ਕਿਰਤ ਯੂਨੀਅਨਾਂ ਨਾਲ ਸਮੂਹਕ ਸੌਦੇਬਾਜ਼ੀ (ਕੁਲੈਕਟਿਵ ਬਾਰਗੇਨਿੰਗ) ਖ਼ਤਮ ਕਰਨ ਲਈ ਵੀਰਵਾਰ ਨੂੰ ਕਾਰਜਕਾਰੀ ਆਦੇਸ਼ ਜਾਰੀ ਕੀਤਾ। ਇਹ ਆਦੇਸ਼ ਇਨ੍ਹਾਂ ਕਰਮਚਾਰੀਆਂ ਦੀ ਤਨਖ਼ਾਹ, ਕੰਮ ਦੀ ਸਥਿਤੀ ਤੇ ਯੂਨੀਅਨ ਰਾਹੀਂ ਵਿਵਾਦਾਂ 'ਤੇ ਸਮੂਹਕ ਸੌਦੇਬਾਜ਼ੀ ਦਾ ਅਧਿਕਾਰ ਖ਼ਤਮ ਕਰਦਾ ਹੈ। ਇਸ ਦਾ ਪ੍ਰਭਾਵ ਰਖਿਆ, ਊਰਜਾ, ਸਿਹਤ ਤੇ ਮਨੁੱਖੀ ਸੇਵਾਵਾਂ, ਖ਼ਜ਼ਾਨਾ, ਨਿਆਂ, ਵਪਾਰ ਤੇ ਸਰਹੱਦੀ ਸੁਰੱਖਿਆ ਨਾਲ ਜੁੜੀਆਂ ਏਜੰਸੀਆਂ 'ਤੇ ਪਵੇਗਾ। (ਏਜੰਸੀ)

ਅਕਾਸ਼ੀ ਦੁਨੀਆਂ ਲੱਭੇਗੀ ਨਵੀਂ ਦੂਰਬੀਨ

ਮਨੁੱਖੀ ਇਤਿਹਾਸ ਦੇ ਵੱਡੇ ਸਵਾਲਾਂ ਦੇ ਜਵਾਬ ਲੱਭਣ-ਦੇਖਣ ਲਈ ਸਾਇੰਸ ਦੀ ਨਵੀਂ ਖੋਜ



ਆਕਲੈਂਡ, 28 ਮਾਰਚ (ਹਰਜਿੰਦਰ ਸਿੰਘ ਬਸਿਆਲਾ) : ਅਜੀਬ ਤੇ ਰੋਮਾਂਚਕ ਬਾਹਰੀ ਜੀਵ ਜਿਨ੍ਹਾਂ ਨੂੰ ਅਕਸਰ ਏਲੀਅਨ ਕਿਹਾ ਜਾਂਦਾ ਹੈ, ਸਦੀਆਂ ਤੋਂ ਮਨੁੱਖੀ ਕਲਪਨਾ, ਗਿਣਤੀ ਅਤੇ ਵਿਗਿਆਨਕ ਸੋਧ ਦਾ ਕੇਂਦਰ ਰਹੇ ਹਨ। ਕੀ ਇਹ ਸੰਭਾਵਨਾ ਹੈ ਕਿ ਅਣਜਾਣ ਗ੍ਰਹਿਆਂ ਜਾਂ ਗਲੈਕੀਆਂ ਵਿਚ ਜੀਵਨ ਵਸਦਾ ਹੈ? ਇਸ ਵਿਚਾਰ ਨੇ ਸਾਡੇ ਸਾਇੰਸਦਾਨਾਂ ਵਿਚ ਨਵਾਂ ਜੋਸ਼ ਅਤੇ ਉਤਸਾਹ ਪੈਦਾ ਕੀਤਾ ਹੋਇਆ ਹੈ।

'ਏਲੀਅਨ' ਸ਼ਬਦ ਨੂੰ ਸੁਣਦੇ ਹੀ ਸਾਡੇ ਧਿਆਨ ਵਿਚ ਅਜੀਬ-ਗ਼ਰੀਬ ਸ਼ਕਲਾਂ ਵਾਲੇ ਜੀਵ, ਉਚ ਤਕਨੀਕੀ ਅਤੇ ਉਲਝਣਪੂਰਨ ਸੰਕੇਤ ਆਉਂਦੇ ਹਨ। ਜਦੋਂ ਕਿ ਇਹ ਸਿਰਫ਼ ਕਲਪਨਾ ਹੋ ਸਕਦੀ ਪਰ ਵਿਗਿਆਨਕ ਪ੍ਰਮਾਣ ਝਲਕਾਰੇ ਪਾਉਂਦੇ ਹਨ ਕਿ ਅਸੀਂ ਬ੍ਰਹਿਮੰਡ ਵਿਚ ਇਕੱਲੇ ਨਹੀਂ ਹੋ ਸਕਦੇ। ਬ੍ਰਹਿਮੰਡ ਦੇ ਅਣਗਿਣਤ ਤਾਰਿਆਂ ਅਤੇ ਗ੍ਰਹਿਆਂ ਵਿਚੋਂ ਕੁੱਝ ਐਸੇ ਹੋ ਸਕਦੇ ਹਨ ਜੋ ਜੀਵਨ ਲਈ ਸਹਿਜ ਹਨ।

ਵਿਗਿਆਨਕ ਜਹਾਜ਼ਾਂ ਅਤੇ ਦੂਰਬੀਨਾਂ ਜਿਵੇਂ ਕਿ ਹਬਲ ਸਪੇਸ ਟੈਲੀਸਕੋਪ ਅਤੇ ਮੰਗਲ ਮਿਸ਼ਨਾਂ ਨੇ ਅਜਿਹੇ ਸਬੂਤ ਲੱਭਣ ਦੀ ਕੋਸ਼ਿਸ਼ ਕੀਤੀ ਹੈ ਜੋ ਬਾਹਰੀ ਜੀਵਾਂ ਦੇ ਮੌਜੂਦ ਹੋਣ ਦੀ ਪੁਸ਼ਟੀ ਕਰ ਸਕਣ। ਉਹ ਮਿਥੈਨ ਗੈਸ, ਜਲ ਦੇ ਅਣੂ ਅਤੇ ਜੀਵਨ-ਅਨੁਕੂਲ ਪਰਿਸਥਿਤੀਆਂ ਦੀ ਖੋਜ ਵਿਚ ਹਨ।

ਬਾਹਰੀ ਜੀਵਾਂ ਦੀ ਖੋਜ ਸਾਡੀ ਸਪੇਸ ਐਕਸਪਲੋਰੇਸ਼ਨ ਦੀ ਭਵਿੱਖਬਾਣੀ ਹੈ। ਇਹ ਸਿਰਫ਼ ਜੀਵਨ ਦੀ ਖੋਜ ਨਹੀਂ, ਸਗੋਂ ਸਾਡੇ ਬ੍ਰਹਿਮੰਡ ਦੀ ਗਹਿਰਾਈਆਂ ਅਤੇ ਸੱਚਾਈਆਂ ਨੂੰ ਸਮਝਣ ਦੀ ਯਾਤਰਾ ਹੈ। ਚਿੱਲੀ ਦੇਸ਼ ਦੇ ਵਿਚ ਇਕ ਅਜਿਹਾ ਵੱਡਾ ਟੈਲੀਸਕੋਪ ਬਣਾਇਆ ਜਾ ਰਿਹਾ ਹੈ ਜੋ ਇਕ ਰਾਤ ਵਿਚ ਹੀ ਏਲੀਅਨ ਜੀਵਨ ਦੇ ਸੰਕੇਤਾਂ ਦਾ ਪਤਾ ਲਗਾ ਸਕਦਾ ਹੈ।

ਚੀਨ ਨੇ ਬਣਾਇਆ ਸੁਪਰ-ਫ਼ਾਸਟ ਚਾਰਜਰ-6 ਮਿੰਟਾਂ 'ਚ ਇਲੈਕਟ੍ਰਿਕ ਕਾਰ ਦੀ ਬੈਟਰੀ ਰੀਚਾਰਜ ਹੋਏਗੀ

ਆਕਲੈਂਡ, 28 ਮਾਰਚ (ਹਰਜਿੰਦਰ ਸਿੰਘ ਬਸਿਆਲਾ) : ਚੀਨ ਦੀ ਸੁਪਰਫ਼ਾਸਟ ਚਾਰਜਿੰਗ ਤਕਨਾਲੋਜੀ ਟੇਸਲਾ ਨਾਲੋਂ ਦੁੱਗਣੀ ਤੇਜ਼ ਬਣਾ ਦਿਤੀ ਗਈ ਹੈ। ਇਹ ਸਿਰਫ਼ 6 ਮਿੰਟਾਂ ਵਿਚ ਈ ਵੀ (ਇਲੈਕਟ੍ਰਿਕ ਵਹੀਕਲ) ਨੂੰ ਪੂਰੀ ਤਰ੍ਹਾਂ ਰੀਚਾਰਜ ਕਰ ਸਕਦੀ ਹੈ। ਹੁਣ ਬੀ. ਵਾਈ.ਡੀ ਆਟੋ ਦਾ ਈ-ਪਲੇਟਫ਼ਾਰਮ ਟੇਸਲਾ ਦੇ ਸੁਪਰਚਾਰਜਰਾਂ ਨਾਲੋਂ ਦੁੱਗਣੀ ਤੇਜ਼ੀ ਨਾਲ ਚਾਰਜ ਹੁੰਦਾ ਹੈ, ਭਾਵ ਇਸ ਦੀਆਂ ਕਾਰਾਂ ਪੰਜ ਮਿੰਟ ਦੇ ਚਾਰਜ 'ਤੇ 250 ਮੀਲ ਤਕ ਦੀ ਯਾਤਰਾ ਕਰ ਸਕਦੀਆਂ ਹਨ। ਇਕ ਚੀਨੀ ਵਾਹਨ ਨਿਰਮਾਤਾ ਨੇ ਇਕ ਅਜਿਹੀ ਬੈਟਰੀ ਵਿਕਸਤ ਕੀਤੀ ਹੈ ਜੋ ਇਲੈਕਟ੍ਰਿਕ ਵਾਹਨਾਂ ਨੂੰ ਇਕ ਆਮ ਕਾਰ ਦੇ ਗੈਸ ਟੈਂਕ ਨੂੰ ਭਰਨ ਵਿਚ ਜਿੰਨੀ ਜਲਦੀ ਚਾਰਜ ਕਰਦੀ ਹੈ, ਓਨੀ ਹੀ ਜਲਦੀ ਚਾਰਜ ਕਰਨ ਦੇ ਯੋਗ ਬਣਾਏਗੀ।

ਬਰਤਾਨੀਆਂ ਜਲ੍ਹਿਆਂਵਾਲਾ ਕਾਂਡ 'ਤੇ ਮੰਗੇ ਮਾਫ਼ੀ : ਬ੍ਰਿਟੇਨ ਸੰਸਦ ਮੈਂਬਰ

ਲੰਡਨ, 28 ਮਾਰਚ : ਬਰਤਾਨੀਆ ਵਿਚ ਵਿਰੋਧੀ ਧਿਰ ਕੰਜ਼ਰਵੇਟਿਵ ਪਾਰਟੀ ਦੇ ਸੰਸਦ ਮੈਂਬਰ ਬੌਬ ਬਲੈਕਮੈਨ ਨੇ ਬ੍ਰਿਟਿਸ਼ ਸਰਕਾਰ ਨੂੰ 1919 ਦੇ ਜਲ੍ਹਿਆਂਵਾਲਾ ਬਾਗ਼ ਸਾਕੇ ਲਈ ਭਾਰਤ ਦੇ ਲੋਕਾਂ ਤੋਂ ਰਸਮੀ ਤੌਰ 'ਤੇ ਮੁਆਫ਼ੀ ਮੰਗਣ ਲਈ ਕਿਹਾ ਹੈ। ਉਨ੍ਹਾਂ ਸੰਸਦ ਵਿਚ ਕਿਹਾ ਕਿ ਬ੍ਰਿਟਿਸ਼ ਸਰਕਾਰ ਨੂੰ 13 ਅਪ੍ਰੈਲ ਤੋਂ ਪਹਿਲਾਂ ਮੁਆਫ਼ੀ ਮੰਗਣੀ ਚਾਹੀਦੀ ਹੈ। ਅਗਲੇ ਮਹੀਨੇ ਜਲ੍ਹਿਆਂਵਾਲਾ ਬਾਗ਼ ਸਾਕੇ ਦੀ 106ਵੀਂ ਬਰਸੀ ਮਨਾਈ ਜਾਵੇਗੀ। ਬ੍ਰਿਟਿਸ਼ ਸਾਂਸਦ ਬਲੈਕਮੈਨ ਨੇ ਅਪਣੇ ਭਾਸ਼ਣ ਦੀ ਵੀਡੀਉ ਵੀ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀ ਹੈ। (ਏਜੰਸੀ)

ਵ੍ਹਾਈਟ ਹਾਊਸ 'ਚ ਟਰੰਪ ਦੀ ਇਫ਼ਤਾਰ ਪਾਰਟੀ 'ਤੇ ਹੰਗਾਮਾ

ਮਹਿਮਾਨਾਂ ਦੀ ਸੂਚੀ ਦੇਖ ਕੇ ਅਮਰੀਕੀ ਮੁਸਲਮਾਨ ਭੜਕੇ

ਵਾਸ਼ਿੰਗਟਨ, 28 ਮਾਰਚ : ਰਮਜ਼ਾਨ ਦੇ ਪਵਿੱਤਰ ਮਹੀਨੇ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵ੍ਹਾਈਟ ਹਾਊਸ ਵਿਚ ਪਹਿਲੀ ਇਫ਼ਤਾਰ ਪਾਰਟੀ ਦੀ ਮੇਜ਼ਬਾਨੀ ਕੀਤੀ। ਹਾਲਾਂਕਿ ਟਰੰਪ ਦੀ ਇਫ਼ਤਾਰ ਪਾਰਟੀ ਵਿਵਾਦਾਂ ਵਿਚ ਘਿਰੀ ਰਹੀ ਹੈ। ਅਮਰੀਕੀ ਮੁਸਲਿਮ ਸੰਸਦ ਮੈਂਬਰ ਇਸ ਇਫ਼ਤਾਰ ਪਾਰਟੀ ਤੋਂ ਨਾਰਾਜ਼ ਹਨ। ਦਰਅਸਲ ਅਮਰੀਕੀ ਮੁਸਲਿਮ ਕਾਨੂੰਨਸਾਜ਼ਾਂ ਤੇ ਭਾਈਚਾਰਕ ਆਗੂਆਂ ਨੂੰ ਇਫ਼ਤਾਰ ਪਾਰਟੀ ਵਿਚ ਸੱਦਾ ਨਹੀਂ ਦਿਤਾ ਗਿਆ ਸੀ; ਇਸ ਦੀ ਬਜਾਏ ਮੁਸਲਿਮ ਦੇਸ਼ਾਂ ਦੇ ਵਿਦੇਸ਼ੀ ਰਾਜਦੂਤਾਂ ਨੂੰ ਇਫ਼ਤਾਰ ਡਿਨਰ ਵਿਚ ਸ਼ਾਮਲ ਹੋਣ ਲਈ ਸੱਦਾ ਦਿਤਾ ਗਿਆ ਸੀ। ਜ਼ਿਕਰਯੋਗ ਹੈ ਕਿ ਵ੍ਹਾਈਟ ਹਾਊਸ ਵਿਚ ਇਫ਼ਤਾਰ ਪਾਰਟੀ ਦਾ ਆਯੋਜਨ ਕਰਨ ਦੀ ਦੋ ਦਹਾਕੇ ਪੁਰਾਣੀ ਪਰੰਪਰਾ ਹੈ।

ਰਾਸ਼ਟਰਪਤੀ ਟਰੰਪ ਨੇ ਵ੍ਹਾਈਟ ਹਾਊਸ ਵਿਖੇ ਇਫਤਾਰ ਡਿਨਰ ਦੀ ਮੇਜ਼ਬਾਨੀ ਕਰਦੇ ਹੋਏ ਕਿਹਾ, 'ਮੈਂ ਤੁਹਾਡਾ ਸਾਰਿਆਂ ਦਾ ਵ੍ਹਾਈਟ ਹਾਊਸ ਇਫ਼ਤਾਰ ਡਿਨਰ ਵਿਚ ਸਵਾਗਤ ਕਰਦਾ ਹਾਂ। ਇਸ ਮੁੱਦੇ ਵਿਰੁਧ ਕਈ ਮੁਸਲਿਮ ਨਾਗਰਿਕ ਅਧਿਕਾਰ ਸਮੂਹਾਂ ਨੇ ਵ੍ਹਾਈਟ ਹਾਊਸ ਦੇ ਬਾਹਰ ਵਿਰੋਧ ਪ੍ਰਦਰਸ਼ਨ ਕੀਤਾ। (ਏਜੰਸੀ)

ਭਾਰਤੀ ਜੀਵਨ ਬੀਮਾ ਨਿਗਮ ਦੇ ਪਾਲਿਸੀ ਧਾਰਕਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਲਈ ਵਿਸ਼ੇਸ਼ ਉਪਾਅ

ਨਵੀਂ ਦਿੱਲੀ, 28 ਮਾਰਚ : ਪਾਲਿਸੀ ਧਾਰਕਾਂ ਨੂੰ ਕਿਸੇ ਵੀ ਮੁਸ਼ਕਲ ਤੋਂ ਬਚਾਉਣ ਲਈ, ਭਾਰਤੀ ਜੀਵਨ ਬੀਮਾ ਨਿਗਮ ਦੇ ਖੇਤਰੀ ਅਤੇ ਡਿਵੀਜ਼ਨਲ ਦਫ਼ਤਰਾਂ ਦੇ ਅਧਿਕਾਰ ਖੇਤਰ ਅਧੀਨ ਦਫ਼ਤਰਾਂ ਨੂੰ 29.03.2025, 30.03.2025 ਅਤੇ 31.03.2025 ਨੂੰ ਅਧਿਕਾਰਤ ਕੰਮਕਾਜੀ ਸਮੇਂ ਅਨੁਸਾਰ ਆਮ ਕੰਮਕਾਜ ਲਈ ਖੁੱਲ੍ਹਾ ਰਖਿਆ ਜਾਵੇਗਾ। ਇਹ 12.03.2025 ਨੂੰ ਇੰਸ਼ੋਰੈਂਸ ਰੈਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਟੀ ਆਫ਼ ਇੰਡੀਆ ਦੁਆਰਾ ਜਾਰੀ ਕੀਤੀ ਗਈ ਸਲਾਹ ਅਨੁਸਾਰ ਹੈ। (ਏਜੰਸੀ)

ਪੰਜਾਬ ਸਰਕਾਰ

ਬਿੱਡ ਨੰ ਈ-ਟੈਂਡਰ-ਐਨ.ਪੀ.ਘੜੂਆਂ/2024-25/1003 ਮਿਤੀ : 27-03-2025

ਨਗਰ ਪੰਚਾਇਤ ਘੜੂਆਂ ਵਲੋਂ 445.64 ਲੱਖ ਰੁਪਏ ਦੇ 29 ਕੰਮਾਂ ਲਈ ਆਨਲਾਈਨ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ।

ਟੈਂਡਰ ਆਨਲਾਈਨ ਪੇਸ਼ ਕਰਨ ਦੀ ਮਿਤੀ 21-4-2025 (ਸ਼ਾਮ 6.00 ਵਜੇ ਤੱਕ)
ਵਿਸਤ੍ਰਿਤ ਨਿਯਮ ਅਤੇ ਸ਼ਰਤਾਂ ਲਈ ਵੈਬਸਾਈਟ : https://eproc.punjab.gov.in ਦਾ ਹਵਾਲਾ ਲਓ।
ਟਿੱਪਣੀ ਕੋਰੀਜੰਡਮ ਜੇਕਰ ਕੋਈ ਹੋਵੇਗਾ ਤਾਂ ਉਹ ਵੈਬਸਾਈਟ 'ਤੇ ਹੀ ਲਗਾਇਆ ਜਾਵੇਗਾ

ਕਾਰਜ ਸਾਧਕ ਅਫ਼ਸਰ
43079 ਨਗਰ ਪੰਚਾਇਤ ਘੜੂਆਂ

ਪੰਜਾਬ ਸਰਕਾਰ

ਟੈਂਡਰ ਨੋਟਿਸ ਨੰ: ਈ-ਟੈਂਡਰ/